
''ਤੁਹਾਨੂੰ
ਸ਼ਾਂਤੀ ਮਿਲੇ''

# "ਤੁਹਾਨੂੰ ਸ਼ਾਂਤੀ ਮਿਲੇ"

ਸ਼ਾਂਤੀ-ਕਿੰਨਾਂ ਮਿੱਠਾ ਅਤੇ ਦਿਲ ਨੂੰ ਛੂਹਣ ਵਾਲ਼ਾ ਸ਼ਬਦ ਹੈ। ਸ਼ਾਂਤੀ-ਕੁਝ ਅਜਿਹੀ ਚੀਜ਼ ਹੈ ਜਿਸਦੇ ਲਈ ਮਨੁੱਖ ਦੀ ਆਤਮਾ ਤਰਸਦੀ ਅਤੇ ਕਰਾਹਉਂਦੀ ਹੈ। ਲੱਖਾਂ ਲੋਕ ਇਸ ਨੂੰ ਲੱਭਦੇ ਹਨ, ਪਰ ਇਸ ਤਰ੍ਹਾਂ ਲੱਗਦਾ ਹੈ ਕਿ ਇਹ ਉਨ੍ਹਾਂ ਤੋਂ ਲੱਖਾਂ ਮੀਲ਼ ਦੂਰ ਹੈ। ਸ਼ਾਂਤੀ-ਧਨ ਨਾਲ਼ ਖਰੀਦੀ ਨਹੀਂ ਜਾ ਸਕਦੀ, ਸਿਆਣਪ ਇਸ ਨੂੰ ਨਹੀਂ ਪਾ ਸਕਦੀ ਅਤੇ ਪ੍ਰਸਿੱਧੀ ਇਸ ਨੂੰ ਮੋਹਿਤ ਨਹੀਂ ਕਰ ਸਕਦੀ। ਸ਼ਾਂਤੀ-ਜਿਸ ਨੂੰ ਤੁਸੀਂ ਵੀ ਥੋੜ੍ਹੀ ਅਸਫ਼-ਲਤਾ ਨਾਲ਼ ਹੀ ਲੱਭ ਰਹੇ ਹੋਵੋਗੇ। ਸ਼ਾਂਤੀ ਦੀ ਘਾਟ ਦੀ ਵਜ੍ਹਾ ਕਰਕੇ ਤੁਸੀਂ ਕਿੰਨੀ ਵਾਰ ਆਪਣੀ ਨਿਰਾਸ਼ਾ ਨੂੰ ਦੂਜਿਆਂ ਉੱਤੇ ਸੁੱਟਣਾ ਚਾਹਿਆ ਹੋਵੇਗਾ ਅਤੇ ਸ਼ਾਇਦ ਆਪਣੀ ਜ਼ਿੰਦਗੀ ਨੂੰ ਵੀ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਹੋਵੇਗੀ? ਤੁਸੀਂ ਨਸ਼ੀਲੀਆਂ ਦਵਾਈਆਂ ਨਾਲ਼ ਸ਼ਾਂਤੀ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ ਹੋਵੇਗੀ, ਪਰ ਇਹ ਸਿੱਧ ਹੋ ਚੁੱਕੀ ਸੱਚਾਈ ਹੈ ਕਿ ਇੱਕ ਵਾਰ ਨਸ਼ੀਲੀ ਦਵਾਈ ਦਾ ਅਸਰ ਖ਼ਤਮ ਹੋ ਗਿਆ ਤਾਂ ਅਜਿਹੀ ਸ਼ਾਂਤੀ ਹਵਾ ਦੀ ਪਤਲੀ ਤਹਿ ਵਿੱਚ ਅਲੋਪ ਹੋ



ਜਾਂਦੀ ਹੈ। ਕੁਝ ਲੋਕ ਚੁੱਪ ਸਾਧ ਕੇ ਮੰਤਰ ਜਪ ਕੇ ਜਾਂ ਯੋਗਾ ਕਰਨ ਦਾ ਯਤਨ ਕਰਦੇ ਹਨ। 18 ਮਹੀਨਿਆਂ ਤੱਕ ਮੰਤਰ ਜਪਣ ਵਾਲੇ ਲੋਕਾਂ ਉੱਤੇ ਹਾਲ ਹੀ ਵਿੱਚ ਮੈਡੀਕਲ ਸਬੰਧੀ ਨਿਰੀਖਣ ਕੀਤਾ ਗਿਆ ਹੈ ਜਿਸ ਦੇ ਦੁਆਰਾ ਇਹ ਪਤਾ ਲੱਗਿਆ ਹੈ ਕਿ ਅਜਿਹੇ ਲੋਕਾਂ ਵਿੱਚ ਮਾਨਸਿਕ ਅਸਥਿਰਤਾ ਉਨ੍ਹਾਂ ਲੋਕਾਂ ਦੀ ਤੁਲਨਾ ਵਿੱਚ ਦੌਗੁਣੀ ਪਾਈ ਜਾਂਦੀ ਹੈ ਜਿਹੜੇ ਇਸਦਾ ਇਸ 'ਤੇ ਮਾਲ਼ ਨਹੀਂ ਕਰਦੇ ਹਨ। ਕਈ ਲੋਕ ਏਕਾਂਤ ਵਿੱਚ ਰਹਿ ਕੇ ਛੁਟਕਾਰਾ ਪਾਉਣਾ ਚਾਹੁੰਦੇ ਹਨ, ਸਿਰਫ਼ ਇਹ ਜਾਣਨ ਲਈ ਕਿ ਉਨ੍ਹਾਂ ਦੀ ਚੰਚਲਤਾ ਦਾ ਕਾਰਨ ਦੂਜਿਆਂ ਦੀ ਬਜਾਇ ਖ਼ੁਦ ਉਨ੍ਹਾਂ ਅੰਦਰ ਹੀ ਜ਼ਿਆਦਾ ਹੈ। ਦੁਨੀਆ ਤੋਂ ਅਲਹਿਦਗੀ ਉਨ੍ਹਾਂ ਦੇ ਆਪਣੇ ਸੁਭਾਅ ਦੀ ਭ੍ਰਿ-ਸ਼ਟਤਾ ਨਾਲ਼ ਉਨ੍ਹਾਂ ਦਾ ਸਾਹਮਣਾ ਕਰਵਾਉਂਦੀ ਹੈ। ਜੇਕਰ ਅਸੀਂ ਆਪਣੀਆਂ ਰੋਜ਼ ਦੀਆਂ ਸਮੱਸਿਆਵਾਂ ਉੱਤੇ ਸ਼ਾਂਤੀ ਅਤੇ ਸੰਤੁਸ਼ਟੀ ਪ੍ਰਾਪਤ ਨਹੀਂ ਕਰਦੇ ਤਾਂ ਸਾਡੇ ਜੀਵਨ ਦਾ ਕੀ ਮਤਲਬ ਹੈ?



ਇਹ ਪਤ੍ਰਿਕਾ ਤੁਹਾਨੂੰ ਪੇਸ਼ ਕਰਨ ਦਾ ਕਾਰਨ ਇਹ ਹੈ ਕਿ ਅਸੀਂ ਇੱਕ ਅਜਿਹੇ ਵਿਅਕਤੀ ਨਾਲ਼ ਤੁਹਾਡੀ ਜਾਣ-ਪਛਾਣ ਕਰ-ਵਾਉਣਾ ਚਾਹੁੰਦੇ ਹਾਂ ਜੋ ਤੁਹਾਨੂੰ ਸੱਚੀ ਅਤੇ ਸਦੀਪਕ ਸ਼ਾਂਤੀ ਦੇ ਸਕਦਾ

ਹੈ। ਉਹ ਕਹਿੰਦਾ ਹੈ,''ਮੈਂ ਤੁਹਾਨੂੰ ਸ਼ਾਂਤੀ ਦੇ ਜਾਂਦਾ ਹਾਂ। ਆਪਣੀ ਸ਼ਾਂਤੀ ਮੈਂ ਤੁਹਾਨੂੰ ਦਿੰਦਾ ਹਾਂ। ਤੁਹਾਡਾ ਦਲਿ ਨਾ ਘਬਰਾਵੇ ਅਤੇ ਨਾ ਡਰੇ।'' ਇਹ ਕੇਵਲ ਸ਼ਬਦ ਹੀ ਨਹੀਂ ਹਨ, ਪਰ ਇਹ ਉਸਦੇ ਸ਼ਬਦ ਹਨ, ਜਸਿਨੇ ਆਪਣਾ ਜੀਵਨ ਦੇ ਕੇ ਇਹ ਸੱਧਿ ਕੀਤਾ ਕਿ ਉਹ ਤੁਹਾਨੂੰ ਪਆਿਰ ਕਰਦਾ ਹੈ ਅਤੇ ਤੁਹਾਡੀ ਸ਼ਾਂਤੀ ਦਾ ਧਆਿਨ ਰੱਖਦਾ ਹੈ। ਜਦੋਂ ਤੱਕ ਤੁਹਾਡੇ ਆਪਣੇ ਆਪ ਵੱਿਚ ਸ਼ਾਂਤੀ ਨਾ ਹੋਵੇ, ਕੋਈ ਤੁਹਾਨੂੰ ਸ਼ਾਂਤੀ ਨਹੀਂ ਦੇ ਸਕਦਾ। ਇੱਕ ਹੈ ਜਸਿਦੇ ਕੋਲ਼ ਸ਼ਾਂਤੀ ਹੈ ਅਤੇ ਸ਼ਾਂਤੀ ਦੇਣ ਦਾ ਵਾਅਦਾ ਕਰਦਾ ਹੈ, ਉਹ ਸ਼ਾਂਤੀ ਦਾ ਰਾਜਕੁਮਾਰ ਹੈ। ਉਸਦਾ ਨਾਮ ਯਸ਼ੂ ਹੈ।



ਸ਼ਾਇਦ ਤੁਸੀਂ ਕਹੋਗੇ,''ਪਰ ਯਸ਼ੂ ਮੇਰੇ ਲਈ ਯਥਾਰਥ ਨਹੀਂ ਹੈ, ਮੈਂ ਕਸਿ ਤਰ੍ਹਾਂ ਕਸਿੇ ਕੋਲੋਂ, ਜਸਿਨੂੰ ਵੇਖ ਵੀ ਨਹੀਂ ਸਕਦਾ, ਕੁਝ ਪ੍ਰਾਪਤ ਕਰ ਸਕਦਾ ਹਾਂ?'' ਜੇਕਰ ਯਸ਼ੂ ਤੁਹਾਡੇ ਲਈ ਯਥਾਰਥ ਹੁੰਦਾ ਤਾਂ ਤੁਹਾਡੇ ਕੋਲ਼ ਪਹਲਿਾਂ ਹੀ ਸ਼ਾਂਤੀ ਹੁੰਦੀ। ਉਹ ਤੁਹਾਡੇ ਲਈ ਯਥਾਰਥ ਨਹੀਂ ਹੈ ਕਉਿਂਕਿ 'ਕੋਈ ਚੀਜ਼' ਤੁਹਾਨੂੰ ਉਸ ਕੋਲੋਂ ਅਤੇ ਜੋ ਸ਼ਾਂਤੀ ਉਹ ਦੇਣੀ ਚਾਹੁੰਦਾ ਹੈ, ਤੋਂ ਅਲੱਗ ਕਰ ਰਹੀ ਹੈ। ਅਤੇ ਉਹ 'ਕੋਈ ਚੀਜ਼' ਤੁਹਾਡੇ ਆਪਣੇ ਪਾਪ ਹਨ। ਦਲਿ ਦੀ ਗਹਰਿਾਈ ਵੱਿਚ ਅਸੀਂ ਸਾਰੇ ਜਾਣਦੇ ਹਾਂ ਕਿ ਕੀ ਗ਼ਲਤ ਹੈ ਅਤੇ ਕੀ ਠੀਕ ਹੈ, ਜਦੋਂ

ਅਸੀ ਆਪਣੇ ਅੰਦਰਲੇ ਜ਼ਮੀਰ ਦੀ ਅਵਾਜ਼ ਨੂੰ, ਜਹਿੜੀਆਂ ਗੱਲਾਂ ਕਰਨ ਤੋਂ ਮਨ੍ਹਾ ਕਰਦਾ ਹੈ, ਧਿਆਨ ਨਹੀ ਦੀਂਦਾ ਤਾਂ ਸੱਚਮੁੱਚ ਅਸੀ ਉਸਦੀ ਅਵਾਜ਼ ਲਈ ਬੋਲ਼ੇ ਹੋ ਜਾਂਦੇ ਹਾਂ ਜੋ ਸਾਨੂੰ ਸ਼ਾਂਤੀ ਦੇਣਾ ਚਾਹੁੰਦਾ ਹੈ। ਜ਼ਰਾ ਹੇਠਾਂ ਲਖਿੀ ਗਈ ਉਦਾਹਰਨ ਉੱਪਰ ਥੋੜ੍ਹਾ ਸੋਚੋ-''ਭਲ਼ਾ ਹੁੰਦਾ ਕਿ ਤੂੰ ਮੇਰੇ ਹੁਕਮਾਂ ਨੂੰ ਧਿਆਨ ਨਾਲ਼ ਸੁਣਾ ਹੁੰਦਾ। ਤਦ ਤੇਰੀ ਸ਼ਾਂਤੀ ਨਦੀ ਵਾਂਗ ਅਤੇ ਤੇਰਾ ਧਰਮ ਸਮੁੰਦਰ ਦੀਆਂ ਲਹਰਿਾਂ ਦੀ ਤਰ੍ਹਾਂ ਹੁੰਦਾ'', ''ਜੇਕਰ ਅਸੀਂ ਆਪਣੇ ਪਾਪਾਂ ਨੂੰ ਮੰਨ ਲਈਏ ਤਾਂ ਉਹ ਵਫ਼ਾਦਾਰ ਅਤੇ ਧਰਮੀ ਹੈ ਭਈ ਸਾਡੇ ਸਾਰੇ ਪਾਪਾਂ ਨੂੰ ਮੁਆਫ਼ ਕਰੇ ਅਤੇ ਸਾਨੂੰ ਸਾਰੇ ਕੁਧਰਮ ਤੋਂ ਸ਼ੁੱਧ ਕਰੇ।''



ਹੁਣ ਇਹ ਤੁਹਾਡੇ 'ਤੇ ਨਰਿਭਰ ਕਰਦਾ ਹੈ। ਜੇਕਰ ਸੱਚਮੁੱਚ ਤੁਸੀ ਸ਼ਾਂਤੀ ਪ੍ਰਾਪਤ ਕਰਨੀ ਚਾਹੁੰਦੇ ਹੋ ਤਾਂ ਜੋ ਕੁਝ ਵੀ ਜੀਵਨ ਵੱਿਚ ਗ਼ਲਤ ਹੈ ਕਰਕੇ ਜਾਣਦੇ ਹੋ, ਉਸ ਤੋਂ ਮੁੜ ਕੇ ਯਸ਼ੂ ਕੋਲ਼ੋਂ ਮੁਆਫ਼ੀ ਮੰਗਣੀ ਜ਼ਰੂਰੀ ਹੈ। ਉਹ ਤੁਹਾਡੇ ਕੀਤੇ ਹੋਏ ਕਸਿੇ ਵੀ ਪਾਪ ਨੂੰ ਮੁਆਫ਼ ਕਰਨ ਦੇ ਯੋਗ ਅਤੇ ਇਛੁੱਕ ਹੈ ਕਉਿਂਕਿ ਉਸਨੇ ਤੁਹਾਡੇ ਅਤੇ ਮੇਰੇ ਪਾਪਾਂ ਦੀ ਸਜ਼ਾ ਚੁੱਕਣ ਲਈ ਆਪਣੀ ਜਾਨ ਸਲੀਬ ਉੱਤੇ ਦੇ ਦੱਿਤੀ। ਇਸ ਲਈ ਪਰਮੇਸ਼ਰ ਤੁਹਾਡੇ ਕੋਲ਼ੋਂ ਜੋ ਕੁਝ ਵੀ ਮੰਗਦਾ ਹੈ, ਉਸਦਾ

ਹੁਕਮ ਮੰਨਣ ਲਈ ਫ਼ੈਸਲਾ ਕਰੋ। ਜੇਕਰ ਇਸ ਤਰ੍ਹਾਂ ਕਰੋਗੇ ਤਾਂ ਉਹ ਸੱਚੀ ਸ਼ਾਂਤੀ ਜਹਿੜੀ ਤੁਹਾਡੀ ਸਮਝ ਤੋਂ ਬਾਹਰ ਹੈ, ਆਪਣੇ ਅੰਦਰ ਉੱਛਲ਼ਦੀ ਹੋਈ ਪਾਓਗੇ ਅਤੇ ਇਹ ਸ਼ਾਂਤੀ ਕਦੇ ਵੀ ਤੁਹਾਡੇ ਤੋਂ ਦੂਰ ਨਹੀ ਹੋਵੇਗੀ। ਜਦੋਂ ਤੁਹਾਡੇ ਪਾਪ ਦੂਰ ਹੋ ਜਾਣਗੇ ਤਾਂ ਯਸ਼ੂ ਜੋ ਸ਼ਾਂਤੀ ਦਾ ਰਾਜਕੁਮਾਰ ਹੈ, ਤੁਹਾਡੇ ਲਈ ਯਥਾਰਥ ਬਣ ਜਾਵੇਗਾ।



ਸ਼ਾਂਤੀ, ਪਾਪ ਅਤੇ ਬਮਿਾਰੀ ਤੋਂ ਛੁਟਕਾਰਾ, ਸਾਰੇ ਇਕੱਠੇ ਆਉਂਦੇ ਹਨ। ਯਸ਼ੂ ਨੇ ਕੇਵਲ ਸਾਡੇ ਪਾਪਾਂ ਤੋਂ ਛੁਟਕਾਰੇ ਦੇ ਲਈ ਹੀ ਨਹੀਂ ਸਗੋਂ ਸਾਨੂੰ ਬਮਿਾਰੀਆਂ ਅਤੇ ਰੋਗਾਂ ਤੋਂ ਛੁਟਕਾਰਾ ਦੇਣ ਲਈ ਵੀ ਕਸ਼ਟ ਸਹਣਿ ਕੀਤਾ ਅਤੇ ਸਲੀਬ 'ਤੇ ਮਰ ਗਆਿ। ਜਦੋਂ ਤੁਸੀ ਉਸ ਨੂੰ ਆਪਣਾ ਪ੍ਰਭੂ ਅਤੇ ਮੁਕਤੀਦਾਤੇ ਦੇ ਰੂਪ ਵੱਿਚ ਸਵੀਕਾਰ ਕਰੋਗੇ, ਉਹ ਨਾ ਸਰਿਫ਼ ਤੁਹਾਡੇ ਜਾਨ ਵੱਿਚ ਮੁਆਫ਼ੀ ਅਤੇ ਸ਼ਾਂਤੀ ਲਆਿਏਗਾ, ਪ੍ਰੰਤੂ ਸਰੀਰ ਵੱਿਚ ਸ਼ਫ਼ਿਾ ਵੀ ਦੇਵੇਗਾ। ਰਾਜਾ ਦਾਊਦ ਉਸਦੇ ਸਾਰੇ ਉਪਕਾਰ ਨਾ ਵਸਿਾਰ, ਉਹ ਤੇਰੀਆਂ ਸਾਰੀਆਂ ਬੁਰਾਈਆਂ ਨੂੰ ਖਮਿਾ ਕਰਦਾ ਹੈ, ਉਹ ਰੋਗਾਂ ਤੋਂ ਤੈਨੂੰ ਨਰੋਆ ਕਰਦਾ ਹੈ।" ਯਕੀਨ ਕਰੋ, ਜਦੋਂ ਤੁਸੀ ਯਸ਼ੂ ਨੂੰ ਜਹਿੜਾ ਸ਼ਾਂਤੀ ਦਾ ਰਾਜਾ ਹੈ, ਮਲ਼ਿੋਗੇ ਅਤੇ ਜਦੋਂ ਉਸਦੀ ਸ਼ਾਂਤੀ ਨੂੰ ਪ੍ਰਾਪਤ ਕਰੋਗੇ ਤਾਂ ਡਰ, ਪਰੇਸ਼ਾਨੀ ਅਤੇ ਚੰਿਤਾ

ਤੁਹਾਡੇ ਦਿਲ ਤੋਂ ਬਿਲਕੁਲ ਅਲੋਪ ਹੋ ਜਾਵੇਗੀ ਅਤੇ ਤੁਸੀ ਆਪਣੇ ਜੀਵਨ ਦੁਆਰਾ ਇਸ ਯੁੱਧ ਅਤੇ ਨਫ਼ਰਤ ਨਾਲ਼ ਪਾਟੀ ਹੋਈ ਦੁਨੀਆ ਨੂੰ ਸ਼ਾਂਤੀ ਅਤੇ ਸੰਤੁਸ਼ਟੀ ਇੱਕ ਹੱਦ ਤੱਕ ਦੇ ਸਕੋਗੇ।

ਪ੍ਰਾਰਥਨਾ" ਪ੍ਰਭੂ ਯਸ਼ੂ, ਤੁਸੀਂ ਸ਼ਾਂਤੀ ਦੇ ਰਾਜ ਕੁਮਾਰ ਹੋ ਅਤੇ ਮੈਨੂੰ ਤੁਹਾਡੀ ਸ਼ਾਂਤੀ ਦੀ ਜ਼ਰੂਰਤ ਹੈ। ਮੈਂ ਜਾਣਦਾ ਹਾਂ ਕਿ ਇਹ ਮੇਰਾ ਪਾਪ ਹੈ ਜਿਹੜਾ ਮੈਨੂੰ ਤੁਹਾਡੇ ਤੋਂ ਅਲੱਗ ਕਰਦਾ ਹੈ। ਕ੍ਰਿਪਾ ਕਰਕੇ ਮੇਰੇ ਪਾਪਾਂ ਨੂੰ ਮੁਆਫ਼ ਕਰੋ ਅਤੇ ਮੇਰੇ ਪਾਪ ਭਰੇ ਦਿਲ ਨੂੰ ਆਪਣੇ ਕੀਮਤੀ ਲਹੂ ਨਾਲ਼ ਧੋ ਕੇ ਸਾਫ਼ ਕਰ ਦਿਓ। ਅੱਜ, ਮੈਂ ਤੁਹਾਨੂੰ




ਆਪਣਾ ਪਰਮੇਸ਼ਵਰ ਅਤੇ ਮੁਕਤੀਦਾਤਾ ਦੇ ਰੂਪ ਵਿੱਚ ਸਵੀਕਾਰ ਕਰਦਾ ਹਾਂ। ਤੁਸੀਂ ਜੋ ਕੁਝ ਵੀ ਕਹੋਗੇ, ਉਹ ਕਰਨ ਲਈ ਤਿਆਰ ਹਾਂ। ਲੇਕਿਨ ਕ੍ਰਿਪਾ ਕਰਕੇ ਮੇਰੀ ਸਹਾਇਤਾ ਕਰੋ। ਪ੍ਰਭੂ, ਮੈਨੂੰ ਸ਼ਿਫ਼ਾ ਦਿਓ ਅਤੇ ਸ਼ਾਂਤੀ ਦਿਓ। ਆਮੀਨ।

